**ਦਫਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ-ਕਮ-ਸਟੇਟ ਪ੍ਰਾਜੈਕਟਰ ਡਾਇਰੈਕਟਰ**

**ਸਮੱਗਰਾ ਸਿੱਖਿਆ ਅਭਿਆਨ ਅਥਾਰਟੀ (ਪੰਜਾਬ)**

**ਪੀ.ਐਸ.ਈ.ਬੀ. ਕੰਪਲੈਕਸ, ਈ-ਬਲਾਕ, 5ਵੀਂ ਮੰਜ਼ਿਲ, ਫੇਜ਼-8, ਐਸ.ਏ.ਐਸ ਨਗਰ (ਮੋਹਾਲੀ), ਪੰਜਾਬ**

ਵੱਲ

ਸਮੂਹ ਜ਼ਿਲ੍ਹਾ ਸਿੱਖਿਆ ਅਫਸਰ (ਐ.ਸਿੱ.)

ਮੀਮੋ ਨੰ: SSA/Uniform/2024/200808

ਮਿਤੀਃ 13-08-2024

ਵਿਸ਼ਾ:- **ਸਮੱਗਰ ਸਿੱਖਿਆ ਅਭਿਆਨ ਅਧੀਨ ਸਾਲ 2024-25 ਦੌਰਾਨ ਸਰਕਾਰੀ ਸਕੂਲਾਂ ਵਿੱਚ 1-8 ਜਮਾਤਾਂ ਵਿੱਚ ਪੜ੍ਹਦੀਆਂ ਸਮੂਹ ਲੜਕੀਆਂ (Girls) ਅਤੇ SC/ST/BPL ਲੜਕਿਆਂ (Boys) ਨੂੰ ਮੁਫਤ ਵਰਦੀਆਂ ਮੁਹੱਈਆਂ ਕਰਵਾਉਣ ਸਬੰਧੀ।**

ਹਵਾਲਾ:-**ਇਸ ਦਫਤਰ ਦਾ ਪੱਤਰ ਨੰ: SSA/Uniform/2024/104377 ਮਿਤੀ: 26-04-2024 ਅਤੇ SSA/Uniform/2024/159245 ਮਿਤੀ: 04-07-2024 ਦੇ ਸਬੰਧ ਵਿੱਚ।**

1.0 ਹਵਾਲਾ ਪੱਤਰਾਂ ਦੀ ਲਗਾਤਾਰਤਾ ਵਿੱਚ ਆਪ ਨੂੰ ਦੱਸਿਆ ਜਾਂਦਾ ਹੈ ਕਿ ਸਾਲ 2024-25 ਦੌਰਾਨ ਵਰਦੀਆਂ ਦੀ ਵੰਡ ਲਈ ਦਿਸ਼ਾ-ਨਿਰਦੇਸ਼ ਅਤੇ ਫੰਡ ਆਪ ਜੀ ਨੂੰ ਜਾਰੀ ਕੀਤੇ ਜਾ ਚੁੱਕੇ ਹਨ।

2.0 ਇਹ ਯਕੀਨੀ ਬਣਾਇਆ ਜਾਵੇ ਕਿ ਹਰੇਕ ਸਕੂਲ ਮੁਖੀ ਵੱਲੋਂ ਵਰਦੀਆਂ ਦੀ ਵੰਡ ਦੀ ਪ੍ਰਗਤੀ ਪਿਛਲੇ ਸਾਲਾਂ ਦੀ ਤਰ੍ਹਾਂ E-Punjab Portal ਉੱਤੇ ਨਿਰੰਤਰ ਅਪਲੋਡ ਕੀਤੀ ਜਾਵੇ। ਇਸ ਪੋਰਟਲ ਉੱਤੇ ਹਰੇਕ ਸਕੂਲ ਵੱਲੋਂ ਆਪਣੇ ਸਕੂਲ ਦੀ login id ਵਿੱਚ ਜਾ ਕੇ uniform report ਲਿੰਕ ਉੱਤੇ ਕਲਿੱਕ ਕਰਕੇ ਦਿੱਤੇ ਗਏ ਪ੍ਰੋਫਾਰਮੇ ਅਨੁਸਾਰ ਜਾਣਕਾਰੀ ਭਰੀ ਜਾਵੇ। ਸੁਨਿਸ਼ਚਿਤ ਕੀਤਾ ਜਾਵੇ ਕਿ ਇਸ ਲਿੰਕ ਤਹਿਤ ਸਮੱਗਰ ਸਿੱਖਿਆ ਅਭਿਆਨ ਤਹਿਤ ਵਰਦੀਆਂ ਲਈ ਜਾਰੀ ਕੀਤੀ ਰਾਸ਼ੀ ਦੀ ਪ੍ਰਗਤੀ ਹੀ ਭਰੀ ਜਾ ਰਹੀ ਹੈ। ਸਟੇਟ ਸਕੀਮ ਲਈ ਦਫਤਰ ਡਾਇਰੈਕਟਰ ਸਕੂਲ ਸਿੱਖਿਆ (ਐਲੀਮੈਂਟਰੀ) ਵੱਲੋਂ ਵੱਖਰੇ ਤੌਰ ਤੇ Activate ਕਰਵਾਇਆ ਜਾਵੇਗਾ।

3.0 ਇਸ ਤੋਂ ਇਲਾਵਾ ਇਹ ਯਕੀਨੀ ਬਣਾਇਆ ਜਾਵੇ ਕਿ ਕੋਈ ਵੀ ਵਾਧੂ ਗ੍ਰਾਂਟ ਜ਼ਿਲ੍ਹਾ ਪੱਧਰ/ਬਲਾਕ ਪੱਧਰ ਉੱਤੇ ਨਹੀਂ ਰੱਖੀ ਗਈ। ਸਕੂਲਾਂ ਦੀ ਮੰਗ ਅਨੁਸਾਰ ਜਾਰੀ ਕੀਤੀ ਗ੍ਰਾਂਟ ਤੋਂ ਬਾਅਦ ਬਚਦੀ ਵਾਧੂ ਅਣਵਰਤੀ ਗ੍ਰਾਂਟ ਮੁੱਖ ਦਫਤਰ ਨੂੰ ਵਾਪਿਸ ਭੇਜੀ ਜਾਵੇ।

**ਡਿਪਟੀ ਸਟੇਟ ਪ੍ਰਾਜੈਕਟ ਡਾਇਰੈਕਟਰ**

**ਸਮੱਗਰ ਸਿੱਖਿਆ ਅਭਿਆਨ**

**ਪੰਜਾਬ**

ਦਫਤਰ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ) ਬਠਿੰਡਾ

ਪੱਤਰ ਨੰ. ਅਮਲਾ/2024/2525 ਮਿਤੀ 14.08.24

ਉਕਤ ਦਾ ਉਤਾਰਾ ਸਬੰਧਤ ਕਰਮਚਾਰੀਆਂ ਦੇ ਨਾਂ ਅਜਾਦ ਸਕੂਲ ਮੁਖੀਆਂ ਨੂੰ ਤੋਰ ਤੇ ਲਿਖਿਆ ਜਾਂਦਾ ਹੈ ਕਿ ਉਕਤ ਅਨੁਸਾਰ ਕਾਰਵਾਈਆਂ ਵੀ ਈ-ਪੰਜਾਬ ਪੋਰਟਲ ਤੇ ਅਪਡੇਟ ਕਰਨਾ ਯਕੀਨੀ ਬਣਾਇਆ ਜਾਵੇ।

ਜ਼ਿਲ੍ਹਾ ਪ੍ਰੋਜੈਕਟ ਡਾਇਰੈਕਟਰ (ਐੱਸ.ਐੱਸ.ਏ.)
-ਕਮ-ਮੈਂਬਰ ਸੈਕਟਰੀ ਡੀ. ਈ. ਡੀ. ਸੀ
-ਕਮ-ਜ਼ਿ. ਸਿ. ਅ. (ਸੈ.ਸਿ.) ਬਠਿੰਡਾ